a2zpapers.com

**Exam. Code : 105403**
**Subject Code : 1465**

## BBA Semester—III

## BBA–302 (i) : PUNJABI COMPULSORY

Time Allowed—3 Hours] [Maximum Marks—50

**ਨੋਟ:-** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

1. ਪ੍ਰੋ. ਪੂਰਨ ਸਿੰਘ ਦੀ ਕਵਿਤਾ (ਖੂਹ ਉੱਤੇ) ਦਾ ਵਿਸ਼ਾ ਸਪਸ਼ਟ ਕਰੋ।

**ਜਾਂ**

ਪ੍ਰੀਤਮ ਸਿੰਘ ਸਫ਼ੀਰ ਦੀ ਕਵਿਤਾ 'ਕੱਤਕ ਕੂੰਜਾਂ' ਦਾ ਸਾਰ ਲਿਖ ਕੇ ਉਸਦਾ ਸੰਦੇਸ਼ ਸਪਸ਼ਟ ਕਰੋ। 15

2. 'ਸੁਹਾਗ' ਜਾਂ 'ਜਫ਼ਰਨਾਮਾ' ਇਕਾਂਗੀ ਦਾ ਵਿਸ਼ਾ-ਵਸਤੂ ਸਪਸ਼ਟ ਕਰੋ।

**ਜਾਂ**

ਕਿਸੇ **ਦੋ** ਪਾਤਰਾਂ ਦਾ ਪਾਤਰ-ਚਿਤਰਨ ਕਰੋ :

(ੳ) ਜ਼ੀਨਤ-ਉਨ-ਨਿਸਾ

(ਅ) ਔਰੰਗਜ਼ੇਬ

(ੲ) ਵਜੀਰਾ

(ਸ) ਵੀਰਾਂ ਵਾਲੀ। 15



www.a2zpapers.com
a2zpapers.com

a2zpapers.com

3. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰਕੇ ਢੁੱਕਵਾਂ ਸਿਰਲੇਖ ਦਿਉ :

ਆਮ ਸਾਧਾਰਨ ਹਾਲਤ ਵਿੱਚ ਪਰਮਾਤਮਾ ਨੂੰ ਜਦੋਂ ਕੋਈ ਯਾਦ ਕਰਦਾ ਹੈ ਤਾਂ ਉਹ ਉਸਦੇ ਹਿਰਦੇ ਵਿੱਚ ਪ੍ਰਤੱਖ ਹੁੰਦਾ ਹੈ। ਹਰ ਔਖੇ ਮੌਕੇ 'ਤੇ ਪਰਮਾਤਮਾ ਉਸਦੀ ਰਾਖੀ ਕਰਦਾ ਹੈ, ਉਸਦੇ ਨਾਲ ਰਹਿੰਦਾ ਹੈ। ਸਾਡੀ ਜ਼ਿੰਦਗੀ ਵਿੱਚ ਸਭ ਤੋਂ ਔਖੇ ਮੌਕੇ ਉਹ ਹੁੰਦੇ ਹਨ ਜਦੋਂ ਅਸੀਂ ਆਚਰਨ ਤੋਂ ਗਿਰਨ ਲਗਦੇ ਹਾਂ। ਪਰਮਾਤਮਾ ਦਾ ਸਿਮਰਨ ਔਖੀਆਂ ਘੜੀਆਂ ਤੋਂ ਸਾਡੀ ਰਾਖੀ ਕਰਦਾ ਹੈ। ਉਹ ਸਾਡੇ ਅੰਦਰ ਪ੍ਰਤੱਖ ਹੋ ਕੇ ਸਾਨੂੰ ਸ਼ਕਤੀ ਦਿੰਦਾ ਹੈ । ਇਸ ਸ਼ਕਤੀ ਦੁਆਰਾ ਅਸੀਂ ਕ੍ਰੋਧ ਨੂੰ ਜਬਤ ਕਰ ਸਕਦੇ ਹਾਂ। ਲਾਲਚ ਤੇ ਕਾਮੁਕ ਭਾਵਨਾਵਾਂ ਦੇ ਵੱਸੋਂ ਮੁਕਤ ਹੋ ਸਕਦੇ ਹਾਂ, ਨਿਮਰ ਹੋ ਕੇ ਕਿਸੇ ਦਾ ਸਤਿਕਾਰ ਕਰ ਸਕਦੇ ਹਾਂ। ਨਿਮਰ ਹੋ ਸਕਣਾ ਭਾਰੀ ਸ਼ਕਤੀ ਦਾ ਸਬੂਤ ਹੈ। ਜਦੋਂ ਅਸੀਂ ਪਰਮਾਤਮਾ ਨੂੰ ਯਾਦ ਕਰਦੇ ਹਾਂ ਤਾਂ ਉਸਦੀ ਸ਼ਕਤੀ ਹਰਕਤ ਵਿੱਚ ਆਉਂਦੀ ਹੈ। ਭਗਤੀ ਦਾ ਫਲ ਸ਼ਕਤੀ ਹੈ ਤੇ ਸ਼ਕਤੀ ਮਨੁੱਖਤਾ ਲਈ ਕਲਿਆਣਕਾਰੀ ਹੈ। 10

4. ਸ਼ਬਦ ਦੀ ਪਰਿਭਾਸ਼ਾ ਦਿੰਦੇ ਹੋਏ ਅਰਥ ਅਤੇ ਪ੍ਰਕਾਰਜ ਦੀ ਦ੍ਰਿਸ਼ਟੀ ਤੋਂ ਸ਼ਬਦ ਦਾ ਵਰਗੀਕਰਨ ਕਰੋ।

**ਜਾਂ**

ਵਾਕ ਦੀ ਪਰਿਭਾਸ਼ਾ ਦਿੰਦੇ ਹੋਏ ਕਾਰਜ ਦੇ ਆਧਾਰ 'ਤੇ ਵਾਕ ਦਾ ਵਰਗੀਕਰਨ ਸਪਸ਼ਟ ਕਰੋ। 10



www.a2zpapers.com

a2zpapers.com